ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ,

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ-ਈ, ਫੇਜ਼-8 ਅਜੀਤਗੜ੍ਹ।

(ਡਾਇਟ ਸ਼ਾਖਾ)

ਹੁਕਮ ਨੰ: 9/115-12 ਡਾਇਟ(3)

ਮਿਤੀ,ਅਜੀਤਗੜ੍ਹ: 26-06-2014

ਲੌਰਡ ਕ੍ਰਿਸ਼ਨਾ ਕਾਲਜ ਆਫ ਐਜੂਕੇਸ਼ਨ ਡੇਰਾ ਸੈਦਾਂ, ਸੁਲਤਾਨਪੁਰ ਲੋਧੀ, ਜਿਲਾ ਕਪੂਰਥਲਾ, ਪੰਜਾਬ ਜਿਸ ਨੂੰ ਐਨ.ਸੀ.ਟੀ.ਈ. ਜੈਪੁਰ ਦੇ ਪੱਤਰ ਨੰ: NRC/NCTE/Pb-407-206th meeting/2012/33477 ਮਿਤੀ 31-10-2012 ਰਾਹੀਂ ਰਿਕੋਗਨਾਈਜੇਸ਼ਨ ਦਿੱਤੀ ਗਈ ਹੈ, ਨੂੰ ਈ.ਟੀ.ਟੀ (ਡੀ.ਐਲ.ਐਡ). ਦਾ ਕੋਰਸ ਇਕ ਯੂਨਿਟ (50 ਬੱਚੇ) ਚਲਾਉਣ ਲਈ ਹੇਠ ਲਿਖੀਆਂ ਸ਼ਰਤਾਂ ਤੇ ਪ੍ਰੋਵੀਜਨਲ ਐਫਲੀਏਸ਼ਨ ਸਰਕਾਰ ਦੀ ਪ੍ਰਵਾਨਗੀ ਨਾਲ ਦਿੱਤੀ ਜਾਂਦੀ ਹੈ:-

ਸ਼ਰਤਾਂ

1. ਕਾਲਜ ਦੀ ਪ੍ਰਬੰਧਕ ਕਮੇਟੀ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਨਿਰਧਾਰਿਤ ਸਟਾਫ ਹਰ ਸਮੇਂ ਪੂਰਾ ਰੱਖਣਾ ਯਕੀਨੀ ਬਣਾਵੇਗੀ। ਸਟਾਫ ਦੀ ਯੋਗਤਾ ਐਨ.ਸੀ.ਟੀ.ਈ. ਦੇ ਨਾਰਮ ਅਤੇ ਪੰਜਾਬ ਸਰਕਾਰ ਦੇ ਰੂਲਾਂ ਅਨੁਸਾਰ ਹੋਵੇਗੀ। ਸਟਾਫ ਦੀ ਨਿਯੁਕਤੀ ਸਮੇਂ ਐਸ.ਸੀ.ਈ.ਆਰ.ਟੀ.ਈ. ਪੰਜਾਬ ਦਾ ਨੁਮਾਇਦਾ ਹੋਣਾ ਜਰੂਰੀ ਹੈ। ਕਰਮਚਾਰੀ ਵਲੋਂ ਨੌਕਰੀ ਛੱਡਣ ਜਾਂ ਉਸਨੂੰ ਨੌਕਰੀ ਤੋਂ ਕੱਢਣ ਸਬੰਧੀ ਤੁਰੰਤ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇਗਾ।

2. ਸੰਸਥਾ ਵਿਚ ਦਾਖਲਾ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਨੀਤੀ ਅਨੁਸਾਰ ਹੀ ਕੀਤਾ ਜਾਵੇਗਾ।

3. ਦਾਖਲ ਕੀਤੇ ਸਿੱਖਿਆਰਥੀਆਂ ਦੇ ਇਕ ਸੈਸ਼ਨ ਦੌਰਾਨ ਐਨ.ਸੀ.ਟੀ.ਈ. ਦੇ ਨਾਰਮ ਅਨੁਸਾਰ ਲੈਕਚਰ ਪੂਰੇ ਹੋਣੇ ਚਾਹੀਦੇ ਹਨ।

4. ਸਿੱਖਿਆਰਥੀਆਂ ਦੀ ਈ.ਟੀ.ਟੀ. ਵਿਚ ਅਪਲਾਈ ਕਰਨ ਦੀ ਮਿਤੀ ਨੂੰ ਰਾਜ ਸਰਕਾਰ ਵਲੋਂ ਨਿਰਧਾਰਤਿ ਯੋਗਤਾ ਪੂਰੀ ਹੋਣੀ ਚਾਹੀਦੀ ਹੈ।

5. ਦਾਖਲ ਕੀਤੇ ਸਿੱਖਿਆਰਥੀਆਂ ਤੋਂ ਪੰਜਾਬ ਸਰਕਾਰ ਵਲੋਂ ਨਿਰਧਾਰਿਤ ਫੀਸ ਹੀ ਲਈ ਜਾਵੇਗੀ।

6. ਇਹ ਐਫਲੀਏਸ਼ਨ ਨਿਯਮਾਂ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਕਿ ਸੇ ਸਮੇਂ ਵੀ ਵਾਪਸ ਲਈ ਜਾ ਸਕਦੀ ਹੈ। ਐਨ.ਸੀ.ਟੀ.ਈ ਵਲੋਂ ਦਿੱਤੀ ਰਿਕੋਗਨੀਸ਼ਨ ਵਾਪਸ ਲੈਣ ਤੇ ਇਹ ਐਫਲੀਏਸ਼ਨ ਰੱਦ ਸਮਝੀ ਜਾਵੇਗੀ। ਇਸ ਸਬੰਧੀ ਵੱਖਰੇ ਤੌਰ ਤੇ ਹੁਕਮ ਜਾਰੀ ਨਹੀਂ ਕੀਤੇ ਜਾਣਗੇ। ਮੁੜ ਰਿਕੋਗਨਾਈਜੇਸ਼ਨ ਮਿਲਣ ਉਪਰੰਤ ਮੁੜ ਐਫਲੀਏਸ਼ਨ ਲੈਣੀ ਪਵੇਗੀ।

7. ਜੇਕਰ ਜਮੀਨ ਸੁਸਾਇਟੀ/ਟਰੱਸਟ ਦੇ ਨਾਮ ਤੇ ਹੈ, ਜਮੀਨ ਛੇ ਮਹੀਨੇ ਦੇ ਅੰਦਰ-2 ਸੰਸਥਾ ਦੇ ਨਾਮ ਤੇ ਕਰਨੀ ਯਕੀਨੀ ਬਣਾਇਆ ਜਾਵੇ। ਇਹ ਕਾਰਵਾਈ ਕਰਕੇ ਜਮੀਨੇ ਦੇ ਨਵੇਂ ਕਾਗਜਾਤ ਦੀ ਕਾਪੀ ਮਿਥੇ ਸਮੇਂ ਦੇ ਅੰਦਰ-2 ਰਿਜਨਲ ਕਮੇਟੀ ਅਤੇ ਇਸ ਦਫਤਰ ਨੂੰ ਭੇਜੀ ਜਾਵੇ। ਮਿਥੇ ਸਮੇਂ ਦੇ ਅੰਦਰ-2 ਇਹ ਕਾਰਵਾਈ ਨਾ ਕਰਨ ਦੀ ਸੂਰਤ ਵਿਚ ਇਸ ਦਫਤਰ ਵਲੋਂ ਰਿਕੋਗਨੀਸ਼ਨ/ਐਫਲੀਏਸ਼ਨ ਰੱਦ ਕਰਨ ਸਬੰਧੀ ਕਾਰਵਾਈ ਅਰੰਭ ਕੀਤੀ ਜਾਵੇਗੀ।

8. ਐਨ.ਸੀ.ਟੀ.ਈ. ਵਲੋਂ ਸਮੇਂ-2 ਸਿਰ ਨਿਰਧਾਰਿਤ ਕੀਤੇ ਨਾਰਮ ਇਸ ਸੰਸਥਾ ਤੇ ਲਾਗੂ ਹੋਣਗੇ। ਕਿਸੇ ਸਮੇਂ ਵੀ ਕਿਸੇ ਕਿਸਮ ਦੀ ਅਣਗਹਿਲੀ/ਕਮੀ ਪਾਏ ਜਾਣ ਤੇ ਇਹ ਐਫਲੀਏਸ਼ਨ ਰੱਦ ਕੀਤੀ ਜਾ ਸਕਦੀ ਹੈ।

9. ਇਸ ਦਫਤਰ ਦੀ ਵੈਬਸਾਇਟ wwwscertpunjab.ac.in ਹਰ ਰੋਜ ਚੈਕ ਕੀਤੀ ਜਾਵੇ। ਵੈਬਸਾਇਟ ਵਿਚ ਇਸ ਦਫਤਰ ਵਲੋਂ ਮੰਗੀ ਗਈ ਸੂਚਨਾਂ ਤੁਰੰਤ ਇਸ ਦਫਤਰ ਨੂੰ ਉਪਲਬਧ ਕਰਵਾਈ ਜਾਵੇ

10. ਐਨ.ਸੀ.ਟੀ.ਈ. ਵਲੋਂ ਜਾਰੀ ਰਿਕੋਗਨੀਸ਼ਨ ਪੱਤਰ ਵਿਚ ਲੱਗੀਆਂ ਸਾਰੀਆਂ ਸ਼ਰਤਾਂ ਦੀ ਪੂਰਤੀ ਕਰਨਾ ਵੀ ਯਕੀਨੀ ਬਣਾਇਆ ਜਾਵੇਗਾ।

11. ਬਿਲਡਿੰਗ ਸੇਫਟੀ ਸਰਟੀਫਿਕੇਟ ਅਤੇ ਅੱਗ ਬੁਝਾਉ ਜੰਤਰਾਂ ਸਬੰਧੀ ਸਮੇਂ ਸਮੇਂ ਤੇ ਸਰਟੀਫਿਕੇਟ ਪ੍ਰਾਪਤ ਕਰਕੇ ਭੇਜੇ ਜਾਣ।

12. ਸੁਸਾਇਟੀ/ਟਰਸਟ ਵਲੋਂ ਸੰਸਥਾ ਚਲਾਉਣ ਲਈ ਸਰਕਾਰ ਤੋਂ ਕਿਸੇ ਕਿਸਮ ਦੀ ਸਹਾਇਤਾ ਦੀ ਮੰਗ ਨਹੀਂ ਕੀਤੀ ਜਾਵੇਗੀ।

ਸਹੀ/-

ਪੰਕਜ ਸ਼ਰਮਾ

ਡਾਇਰੈਕਟਰ ਐਸ.ਸੀ.ਈ.ਆਰ.ਟੀ.ਪੰਜਾਬ।

ਚਲਦਾ ਪੰਨਾ-